Australian Government

help confidential assistance understanding children progress support youth solutions safe counselling

# ਸਪੋਟਿੰਗ ਚਿਲਡਰਨ ਆਫਟਰ ਸੇਪਰੇਸ਼ਨ ਪ੍ਰੋਗ੍ਰਾਮ ਵੱਖ ਹੋਣ ਬਾਅਦ ਬੱਚਿਆਂ ਦੀ ਮਦਦ ਕਰਨ ਦਾ ) (ਪ੍ਰੋਗ੍ਰਾਮ

ਔਸਟ੍ਰੇਲੀਆਈ ਸਰਕਾਰ ਸਪੋਟਿੰਗ ਚਿਲਡਰਨ ਆਫਟਰ ਸੇਪਰੇਸ਼ਨ ਪ੍ਰੋਗ੍ਰਾਮ ਨੂੰ ਧਨ-ਰਾਸ਼ੀ ਪ੍ਰਦਾਨ ਕਰਦੀ ਹੈ ਤਾਂਜੋ ਉਨ੍ਹਾਂ ਬੱਚਿਆਂ ਅਤੇ ਨੌਜਵਾਨਾਂ ਦੀ ਮਦਦ ਕੀਤੀ ਜਾ ਸਕੇ ਜਿਨ੍ਹਾਂ ਨੂੰ ਉਸ ਵੇਲੇ ਇਸਦੀ ਲੋੜ ਹੁੰਦੀ ਹੈ ਜਦੋਂ ਉਨ੍ਹਾਂ ਦੇ ਮਾਪੇ ਵੱਖ ਹੋ ਚੁੱਕੇ ਹੁੰਦੇ ਹਨ।

## ਸਪੋਟਿੰਗ ਚਿਲਡਰਨ ਆਫਟਰ ਸੇਪਰੇਸ਼ਨ ਪ੍ਰੋਗ੍ਰਾਮ ਕੀ ਹੈ?

ਸਪੋਟਿੰਗ ਚਿਲਡਰਨ ਆਫਟਰ ਸੇਪਰੇਸ਼ਨ ਪ੍ਰੋਗ੍ਰਾਮ ਹਰੇਕ ਉਮਰ ਦੇ ਉਨ੍ਹਾਂ ਬੱਚਿਆਂ ਅਤੇ ਨੌਜਵਾਨਾਂ ਨੂੰ ਮਦਦ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ ਆਪਣੇ ਮਾਪਿਆਂ ਦੇ ਵੱਖ ਹੋਣ (ਸੇਪਰੇਸ਼ਨ) ਦਾ ਸਾਮ੍ਹਣਾ ਕਰਨ ਅਤੇ ਇਸਨੂੰ ਸਮਝਣ ਵਿੱਚ ਕੁਝ ਮਦਦ ਦੀ ਲੋੜ ਹੁੰਦੀ ਹੈ।

ਪ੍ਰੋਗ੍ਰਾਮ ਬੱਚਿਆਂ ਅਤੇ ਨੌਜਨਾਵਾਂ ਦੀ ਆਪਣੀ ਮਾਪਿਆਂ ਦੇ ਰਿਸ਼ਤੇ ਵਿੱਚ ਪਏ ਵਿਘਨ ਕਰਕੇ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਅਤੇ ਉਸ ਪਰਿਸਥਿਤੀ ਨਾਲ ਨਜਿੱਠਣ ਵਿੱਚ ਮਦਦ ਕਰਦਾ ਹੈ ਜਿਸ ਵਿੱਚ ਉਹ ਆਪਣੇ ਆਪ ਨੂੰ ਪਾਉਂਦੇ ਹਨ। ਇਹ ਸੇਪਰੇਸ਼ਨ (ਵੱਖ-ਵੱਖ ਹੋਣ) ਕਰਕੇ ਆਉਣ ਵਾਲੀਆਂ ਤਬਦੀਲੀਆਂ ਦੇ ਅਨੁਕੂਲ ਬਣਨ ਅਤੇ ਸੇਪਰੇਸ਼ਨ ਬਾਰੇ ਆਪਣੀਆਂ ਭਾਵਨਾਵਾਂ ਅਤੇ ਵਿਚਾਰਾਂ ਨੂੰ ਦੱਸਣ ਵਿੱਚ ਉਨ੍ਹਾਂ ਦੀ ਮਦਦ ਕਰਦਾ ਹੈ।

ਸਪੋਟਿੰਗ ਚਿਲਡਰਨ ਆਫਟਰ ਸੇਪਰੇਸ਼ਨ ਪ੍ਰੋਗ੍ਰਾਮ ਬੱਚਿਆਂ ਅਤੇ ਨੌਜਵਾਨਾਂ ਨੂੰ ਅਜਿਹੇ ਫੈਸਲਿਆਂ ਵਿੱਚ ਭਾਗ ਲੈਣ ਦੇ ਮੌਕੇ ਪ੍ਰਦਾਨ ਕਰਦਾ ਹੈ ਜਿਹੜੇ ਉਨ੍ਹਾਂ ਦੇ ਮਾਪਿਆਂ ਦੇ ਵੱਖ-ਵੱਖ ਹੋਣ ਦੇ ਸੰਬੰਧ ਵਿੱਚ ਉਨ੍ਹਾਂ ਤੇ ਅਸਰ ਪਾਉਂਦੇ ਹਨ। ਜਦੋਂ ਬੱਚੇ ਆਪਣੀ ਜ਼ਿੰਦਗੀ ਤੇ ਅਸਰ ਪਾਉਣ ਵਾਲੇ ਮੁੱਦਿਆਂ ਬਾਰੇ ਗੱਲਬਾਤ ਕਰ ਸਕਦੇ ਹੋਣ, ਤਾਂ ਮਾਪਿਆਂ ਦੇ ਵੱਖ ਹੋਣ ਕਰਕੇ ਹੋਣ ਵਾਲੇ ਤਣਾਅ ਦਾ ਪ੍ਰਬੰਧ ਕਰਨ ਦੀ ਉਨ੍ਹਾਂ ਦੀ ਸਮਰੱਥਾ ਵਿੱਚ ਸੁਧਾਰ ਹੁੰਦਾ ਹੈ।

ਬੱਚੇ ਅਤੇ ਨੌਜਵਾਨ ਲੋਕ ਸੇਪਰੇਸ਼ਨ ਪ੍ਰਕ੍ਰਿਆ ਦੇ ਦੌਰਾਨ ਜਾਂ ਇਸਦੇ ਬਾਅਦ ਕਿਸੇ ਵੀ ਸਮੇਂ ਪ੍ਰੋਗ੍ਰਾਮ ਵਿੱਚ ਆ ਸਕਦੇ ਹਨ।

## ਮੈਂ ਇਹ ਕਿਵੇਂ ਪਤਾ ਕਰਾਂ ਕਿ ਮੇਰੇ ਬੱਚੇ/ਮੇਰੀ ਬੱਚੀ ਨੂੰ ਥੋੜੀ ਮਦਦ ਦੀ ਲੋੜ ਹੈ?

ਕਦੇ-ਕਦਾਈ ਇਹ ਦੱਸਣਾ ਔਖਾ ਹੁੰਦਾ ਹੈ ਕਿ ਤੁਹਾਡੇ ਬੱਚੇ/ਤੁਹਾਡੀ ਬੱਚੀ ਨੂੰ ਮਦਦ ਦੀ ਲੋੜ ਹੈ। ਜੇਕਰ ਤੁਹਾਡਾ ਬੱਚਾ/ਤੁਹਾਡੀ ਬੱਚੀ ਲਗਾਤਾਰ ਪਰੇਸ਼ਾਨ, ਨਰਾਜ਼ ਜਾਂ ਉਦਾਸ ਰਹਿੰਦਾ/ਰਹਿੰਦੀ ਹੈ, ਤਾਂ ਹੋ ਸਕਦਾ ਹੈ ਕਿ ਤੁਸੀਂ ਕਿਸੇ ਅਜਿਹੇ ਬੰਦੇ ਦੀ ਭਾਲ ਕਰੋ ਜਿਸ ਨਾਲ ਤੁਸੀਂ ਗੱਲਬਾਤ ਕਰ ਸਕੋ। ਜੇਕਰ ਤੁਹਾਡੇ ਬੱਚੇ/ਤੁਹਾਡੀ ਬੱਚੀ ਦਾ ਵਿਹਾਰ ਸੇਪਰੇਸ਼ਨ (ਵੱਖ-ਵੱਖ ਹੋਣ ਦੀ) ਪ੍ਰਕ੍ਰਿਆ ਦੌਰਾਨ ਜਾਂ ਇਸਦੇ ਬਾਅਦ ਬਦਲਦਾ ਹੈ, ਤਾਂ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਥੋੜੀ ਅਤਿਰਿਕਤ ਮਦਦ ਦੀ ਲੋੜ ਪਵੇ ਤਾਂਜੋ ਉਨ੍ਹਾਂ ਨੂੰ ਇਹ ਸਮਝਣ ਵਿੱਚ ਸਹਾਇਤਾ ਮਿਲੇ ਕਿ ਕੀ ਵਾਪਰ ਰਿਹਾ ਹੈ।

ਸਾਰੇ ਬੱਚਿਆਂ ਅਤੇ ਨੌਜਵਾਨਾਂ ਨੂੰ ਨਵੀਂ ਸਥਿਤੀ ਦੇ ਅਨੁਕੂਲ ਬਣਨ ਲਈ ਸਮੇਂ ਦੀ ਲੋੜ ਹੁੰਦੀ ਹੈ, ਪਰ ਜੇਕਰ ਤੁਹਾਨੂੰ ਇਹ ਚਿੰਤਾ ਹੈ ਕਿ ਕੁਝ ਠੀਕ ਨਹੀਂ ਹੈ, ਤਾਂ ਤੁਸੀਂ ਮਦਦ ਲਈ ਬਿਨੈ ਕਰ ਸਕਦੇ/ਸਕਦੀ ਹੋ।

## ਜੇਕਰ ਮੈਂ ਅਸੁਰੱਖਿਅਤ ਮਹਿਸੂਸ ਕਰਦਾ/ਕਰਦੀ ਹਾਂ, ਜਾਂ ਮੈਨੂੰ ਲਗਦਾ ਹੈ ਕਿ ਮੇਰਾ ਬੱਚਾ/ਮੇਰੀ ਬੱਚੀ ਅਸੁਰੱਖਿਅਤ ਹੈ ਤਾਂ ਕੀ ਹੁੰਦਾ ਹੈ?

ਜੇਕਰ ਤੁਸੀਂ ਆਪਣੀ ਜਾਂ ਆਪਣੇ ਬੱਚੇ/ਆਪਣੀ ਬੱਚੀ ਦੀ ਸੁਰੱਖਿਆ ਨੂੰ ਲੈ ਕੇ ਚਿੰਤਿਤ ਹੋ, ਤਾਂ ਤੁਹਾਨੂੰ ਜਿਨ੍ਹੀ ਛੇਤੀ ਸੰਭਵ ਹੋਵੇ ਕਰਮਚਾਰੀਆਂ ਨੂੰ ਦੱਸਣਾ ਚਾਹੀਦਾ ਹੈ। ਪ੍ਰੋਗ੍ਰਾਮ ਨੂੰ ਚਲਾਉਣ ਵਾਲੀਆਂ ਸੰਸਥਾਵਾਂ ਕੋਲ ਗਾਹਕਾਂ ਅਤੇ ਕਰਮਚਾਰੀਆਂ ਨੂੰ ਸੁਰੱਖਿਅਤ ਰੱਖਣ ਲਈ ਪ੍ਰਬੰਧ ਹਨ।

## ਇਸਦਾ ਕਿਨ੍ਹਾ ਖਰਚਾ ਆਏਗਾ?

ਸਪੋਟਿੰਗ ਚਿਲਡਰਨ ਆਫਟਰ ਸੇਪਰੇਸ਼ਨ ਪ੍ਰੋਗ੍ਰਾਮ ਲਈ ਤੁਹਾਡੇ ਕੋਲੋਂ ਫੀਸ ਵਸੂਲੀ ਜਾ ਸਕਦੀ ਹੈ। ਫੀਸ ਤੁਹਾਡੀਆਂ ਵਿੱਤੀ ਪਰਿਸਥਿਤੀਆਂ ਤੇ ਨਿਰਭਰ ਕਰੇਗੀ। ਜੇਕਰ ਤੁਹਾਡੀ ਆਮਦਨੀ ਘੱਟ ਹੈ ਜਾਂ ਤੁਸੀਂ ਪੈਸੇ ਸੰਬੰਧੀ ਸਮੱਸਿਆਵਾਂ ਦਾ ਸਾਮ੍ਹਣਾ ਕਰ ਰਹੇ/ਰਹੀ ਹੋ ਤਾਂ ਤੁਹਾਨੂੰ ਕਰਮਚਾਰੀਆਂ ਨੂੰ ਦੱਸਣਾ ਚਾਹੀਦਾ ਹੈ ਤਾਂਜੋ ਉਹ ਇਹ ਯਕੀਨੀ ਬਣਾ ਸਕਣ ਕਿ ਤੁਹਾਡਾ ਬੱਚਾ/ਤੁਹਾਡੀ ਬੱਚੀ ਪ੍ਰੋਗ੍ਰਾਮ ਦਾ ਇਸਤੇਮਾਲ ਕਰ ਸਕਦਾ/ਸਕਦੀ ਹੈ।

## ਸਪੋਟਿੰਗ ਚਿਲਡਰਨ ਆਫਟਰ ਸੇਪਰੇਸ਼ਨ ਪ੍ਰੋਗ੍ਰਾਮ ਤੇ ਕੀ ਹੁੰਦਾ ਹੈ?

ਪ੍ਰੋਗ੍ਰਾਮ ਬੱਚਿਆਂ ਅਤੇ ਨੌਜਵਾਨਾਂ ਦੀ ਕਈ ਤਰੀਕਿਆਂ ਨਾਲ ਮਦਦ ਕਰ ਸਕਦਾ ਹੈ, ਇਸ ਵਿੱਚ ਇਹ ਸਮਝਣ ਲਈ ਮਦਦ ਪ੍ਰਦਾਨ ਕਰਨਾ ਸ਼ਾਮਲ ਹੈ ਕਿ ਉਨ੍ਹਾਂ ਦੇ ਮਾਪਿਆਂ ਦੇ ਵੱਖ-ਵੱਖ ਹੋਣ ਦੌਰਾਨ ਅਤੇ ਇਸਦੇ ਬਾਅਦ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਕੀ ਵਾਪਰ ਰਿਹਾ ਹੈ। ਇਸ ਵਿੱਚ ਆਮ੍ਹਣੇ-ਸਾਮ੍ਹਣੇ ਦਾ ਸਲਾਹ-ਮਸ਼ਵਰਾ ਜਾਂ ਇਕੋ ਜਿਹੀ ਉਮਰ ਦੇ ਬੱਚਿਆਂ ਨਾਲ ਸਮੂਹ ਵਿੱਚ ਕੰਮ ਕਰਨਾ ਸ਼ਾਮਲ ਹੋ ਸਕਦਾ ਹੈ।

ਇਸ ਤਰ੍ਹਾਂ ਦੀ ਸ਼ਰੀਕੀ ਮਦਦ ਬੱਚਿਆਂ ਅਤੇ ਨੌਜਵਾਨਾਂ ਨੂੰ ਆਪਣੇ ਪਰਿਵਾਰਕ ਪ੍ਰਬੰਧਾਂ ਨੂੰ ਸਮਝਣ ਵਿੱਚ ਮਦਦ ਕਰਦੀ ਹੈ ਅਤੇ ਇਹਨਾਂ ਤਬਦੀਲੀਆਂ ਦੌਰਾਨ ਉਨ੍ਹਾਂ ਦੀ ਸਹਾਇਤਾ ਕਰਦੀ ਹੈ। ਇਹ ਉਨ੍ਹਾਂ ਦੀ ਇਹ ਸਮਝਣ ਵਿੱਚ ਵੀ ਮਦਦ ਕਰਦੀ ਹੈ ਕਿ ਦੂਜੇ ਬੱਚੇ ਵੀ ਸਮਾਨ ਮੁਸ਼ਕਲ ਪਰਿਸਥਿਤੀਆਂ ਦਾ ਸਾਮ੍ਹਣਾ ਕਰਦੇ ਹਨ ਅਤੇ ਇਹ ਉਨ੍ਹਾਂ ਨੂੰ ਉਨ੍ਹਾਂ ਦੇ ਹਾਲਾਤ ਵਿੱਚ ਦਿਲਾਸਾ ਦਿਲਾਉਂਦਾ ਹੈ। ਸ਼ਰੀਕੀ ਮਦਦ ਬੱਚਿਆਂ ਅਤੇ ਨੌਜਵਾਨਾਂ ਲਈ ਮਦਦਗਾਰ ਕਾਰਜਵਿਧੀਆਂ ਪ੍ਰਦਾਨ ਕਰ ਸਕਦੀ ਹੈ ਤਾਂਜੋ ਉਹ ਆਪਣੇ ਮਾਪਿਆਂ ਦੇ ਵੱਖ ਹੋਣ ਕਰਕੇ ਹੋਣ ਵਾਲੇ ਦੁਖ ਅਤੇ ਤਣਾਅ ਦਾ ਪ੍ਰਬੰਧ ਕਰ ਸਕਣ।

ਤੁਹਾਡੇ ਬੱਚੇ/ਤੁਹਾਡੀ ਬੱਚੀ ਨੂੰ ਤੁਹਾਡੇ ਨਾਲ ਆਪਣੇ ਵਿਚਾਰ ਅਤੇ ਭਾਵਨਾਵਾਂ ਸਾਂਝੀਆਂ ਕਰਨ ਵਿੱਚ ਵੀ ਕੁਝ ਮਦਦ ਮਿਲ ਸਕਦੀ ਹੈ ਜਾਂ ਉਨ੍ਹਾਂ ਨੂੰ ਕੁਝ ਲਾਭਕਾਰੀ ਸੂਚਨਾ ਦਿੱਤੀ ਜਾ ਸਕਦੀ ਹੈ। ਸਪੋਟਿੰਗ ਚਿਲਡਰਨ ਆਫਟਰ ਸੇਪਰੇਸ਼ਨ ਪ੍ਰੋਗ੍ਰਾਮ ਬੱਚਿਆਂ ਅਤੇ ਨੌਜਵਾਨਾਂ ਨੂੰ ਅਜਿਹੀਆਂ ਜੀਵਨ ਸੰਬੰਧਤ ਅਤੇ ਸਮਾਜਕ ਯੋਗਤਾਵਾਂ ਹਾਸਲ ਕਰਨ ਵਿੱਚ ਮਦਦ ਕਰਦਾ ਹੈ ਜਿਹੜੀਆਂ ਉਨ੍ਹਾਂ ਦੀ ਜਿੰਦਗੀ ਦੀਆਂ ਦੂਜਿਆਂ ਚੁਣੌਤੀਆਂ ਵਿੱਚ ਉਨ੍ਹਾਂ ਦੀ ਮਦਦ ਕਰਨਗੀਆਂ।

ਪ੍ਰੋਗ੍ਰਾਮ ਵੱਖ-ਵੱਖ ਤਰ੍ਹਾਂ ਦੀਆਂ ਪਰਿਵਾਰਕ ਪਰਿਸਥਿਤੀਆਂ ਦਾ ਸਮਰਥਨ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਸੰਭਾਵਨਾ ਹੁੰਦੀ ਹੈ ਕਿ ਕੋਈ ਵੀ ਇੱਕ ਪ੍ਰੋਗ੍ਰਾਮ ਹਰੇਕ ਬੱਚੇ/ਬੱਚੀ ਲਈ ਸਮਾਨ ਨਹੀਂ ਹੈ ਕਿਉਂਕਿ ਬੱਚਿਆਂ ਨੂੰ ਪੂਰੇ ਪ੍ਰੋਗ੍ਰਾਮ ਦੌਰਾਨ ਉਪਲਬਧ ਵੱਖ-ਵੱਖ ਸਹਾਇਤਾ ਸੇਵਾਵਾਂ ਦੀ ਲੋੜ ਹੋ ਸਕਦੀ ਹੈ।

## ਸਪੋਟਿੰਗ ਚਿਲਡਰਨ ਆਫਟਰ ਸੇਪਰੇਸ਼ਨ ਪ੍ਰੋਗ੍ਰਾਮ ਕਿਨ੍ਹਾਂ ਲਈ ਹੈ?

18 ਸਾਲ ਤੋਂ ਘੱਟ ਉਮਰ ਦਾ ਕੋਈ ਵੀ ਵਿਅਕਤੀ ਇਸ ਪ੍ਰੋਗ੍ਰਾਮ ਦਾ ਪ੍ਰਯੋਗ ਕਰ ਸਕਦਾ ਹੈ। ਛੋਟੇ ਬੱਚਿਆਂ ਤੋਂ ਲੈ ਕੇ ਤੇਰਾਂ ਤੋਂ ਉੱਨੀ ਸਾਲ ਦੀ ਉਮਰ ਵਾਲੇ ਨੌਜਵਾਨਾਂ ਲਈ ਵੱਖ-ਵੱਖ ਉਮਰਾਂ ਅਤੇ ਅਵਸਥਾਵਾਂ ਲਈ ਉਚਿਤ ਗਤਿਵਿਧੀਆਂ ਤਿਆਰ ਕੀਤੀਆਂ ਗਈਆਂ ਹਨ। ਤੇਰਾਂ ਤੋਂ

ਉੱਨੀ ਸਾਲ ਦੀ ਉਮਰ ਵਾਲੇ ਨੌਜਵਾਨ ਆਮ-ਤੌਰ ‘ਤੇ ਛੋਟੇ ਬੱਚਿਆਂ ਵਰਗਾ ਵਿਹਾਰ ਨਹੀਂ ਕਰਦੇ ਹਨ, ਜਾਂ ਉਹ ਸਮੂਹਾਂ ਵਿੱਚ ਕੰਮ ਨਹੀਂ ਕਰਣਗੇ, ਪਰ ਹੋ ਸਕਦਾ ਹੈ ਕਿ ਭਰਾ ਅਤੇ ਭੈਣਾਂ ਇਕੋ ਸੈਸ਼ਨ ‘ਚ ਜਾਣ ਤਾਂਜੋ ਉਹ ਆਪਣੀਆਂ ਭਾਵਨਾਵਾਂ ਅਤੇ ਵਿਚਾਰਾਂ ਦਾ ਵਟਾਂਦਰਾ ਕਰ ਸਕਣ।

ਵੱਖ ਹੋਏ ਮਾਤਾ-ਪਿਤਾ ਨੂੰ ਹਰ ਉਮਰ ਦੇ ਬੱਚਿਆਂ ਨੂੰ ਪ੍ਰੋਗ੍ਰਾਮ ਦੀ ਵਰਤੋਂ ਕਰਨ ਲਈ ਪ੍ਰੋਤਸਾਹਿਤ ਕਰਨਾ ਚਾਹੀਦਾ ਹੈ ਤਾਂਜੋ ਪਰਿਵਾਰ ਦੇ ਵੱਖ ਹੋਣ ਸਮੇਂ ਉਨ੍ਹਾਂ ਦੇ ਵਿਚਾਰ ਜਾਣੇ ਜਾ ਸਕਣ।

## ਮੇਰੇ ਅਤੇ ਮੇਰੇ ਬਾਕੀ ਪਰਿਵਾਰ ਲਈ ਕਿਸ ਤਰ੍ਹਾਂ ਦੀ ਮਦਦ ਉਪਲਬਧ ਹੈ?

ਬਾਲਗਾਂ ਲਈ ਦੂਜੇ ਪ੍ਰੋਗ੍ਰਾਮ ਉਪਲਬਧ ਹਨ। ਜੇਕਰ ਤੁਹਾਨੂੰ ਆਪਣੇ ਲਈ ਥੋੜੀ ਮਦਦ ਦੀ ਲੋੜ ਹੋਵੇ, ਤਾਂ ਪ੍ਰੋਗ੍ਰਾਮ ਦੇ ਕਰਮਚਾਰੀ ਤੁਹਾਨੂੰ ਸਹੀ ਸੇਵਾ ਦਾ ਹਵਾਲਾ ਦੇ ਸਕਦੇ ਹਨ। ਦਾਦਾ-ਦਾਦੀ ਅਤੇ ਨਾਨਾ-ਨਾਨੀ ਵਰਗੇ ਪਰਿਵਾਰ ਦੇ ਦੂਜੇ ਸਦੱਸਾਂ ਜਾਂ ਦੇਖਭਾਲਕਰਤਾਵਾਂ ਨੂੰ ਵੀ ਸਹਾਇਤਾ ਸੇਵਾਵਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ।

ਵਧੇਰੀ ਜਾਣਕਾਈ ਲਈ ਤੁਸੀਂ ਫੈਮਿਲੀ ਰਿਲੇਸ਼ਨਸ਼ਿਪ ਦੀ ਵੈੱਬ-ਸਾਈਟ www.familyrelationships.gov.au ਆਨਲਾਈਨ ਵੇਖ ਸਕਦੇ/ਸਕਦੀ ਹੋ।

## ਸਪੋਟਿੰਗ ਚਿਲਡਰਨ ਆਫਟਰ ਸੇਪਰੇਸ਼ਨ ਪ੍ਰੋਗ੍ਰਾਮ ਵਿੱਚ ਮੇਰਾ ਬੱਚਾ/ਮੇਰੀ ਬੱਚੀ ਜੋ ਕਹਿੰਦਾ/ਕਹਿੰਦੀ ਹੈ, ਕੀ ਉਸਨੂੰ ਗੁਪਤ ਰੱਖਿਆ ਜਾਂਦਾ ਹੈ?

ਹਾਂ। ਸਲਾਹ-ਮਸ਼ਵਰੇ ਦੇ ਸੈਸ਼ਨ ਵਿੱਚ ਤੁਹਾਡੇ ਬੱਚੇ/ਤੁਹਾਡੀ ਬੱਚੀ ਦੁਆਰਾ ਕਹਿ ਗਈ ਹਰ ਗੱਲ ਨੂੰ ਗੁਪਤ ਰੱਖਿਆ ਜਾਂਦਾ ਹੈ।

ਜੇਕਰ ਤੁਹਾਡਾ ਬੱਚਾ/ਤੁਹਾਡੀ ਬੱਚੀ ਤੁਹਾਨੂੰ ਕਿਸੀ ਅਜਿਹੀ ਗੱਲ ਬਾਰੇ ਦੱਸਣਾ ਚਾਹੁੰਦਾ/ਚਾਹੁੰਦੀ ਹੈ ਜਿਸਦੀ ਚਰਚਾ ਉਨ੍ਹਾਂ ਨੇ ਪ੍ਰੋਗਰਾਮ ਵਿੱਚ ਕੀਤੀ ਸੀ, ਤਾਂ ਇਹ ਸਲਾਹਕਾਰ ਅਜਿਹਾ ਕਰਨ ਵਿੱਚ ਉਨ੍ਹਾਂ ਦੀ ਮਦਦ ਕਰੇਗਾ। ਪਰਿਵਾਰਕ ਕਨੂੰਨ ਅਧਿਨਿਯਮ (Family Law Act) ਮੁਤਾਬਕ ਪਰਿਵਾਰਕ ਸਲਾਹ-ਮਸ਼ਵਰੇ ਵਿੱਚ ਕਹਿ ਹਈ ਹਰ ਗੱਲ ਗੁਪਤ ਹੁੰਦੀ ਹੈ। ਤੁਸੀਂ ਗੋਪਨੀਯਤਾ ਜਾਂ ਸਹਿਮਤੀ ਦੇ ਕਿਸੇ ਮਾਮਲਿਆਂ ਬਾਰੇ ਪ੍ਰੋਗ੍ਰਾਮ ਨੂੰ ਚਲਾਉਣ ਵਾਲੇ ਲੋਕਾਂ ਨਾਲ ਗੱਲਬਾਤ ਕਰ ਸਕਦੇ ਹੋ।

ਜੇਕਰ ਸਲਾਹਕਾਰ ਨੂੰ ਇਹ ਲੱਗੇ ਕਿ ਕਿਸੇ ਦੀ ਸਿਹਤ ਜਾਂ ਸੁਰੱਖਿਆ ਨੂੰ ਖਤਰਾ ਹੈ ਤਾਂ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਤੁਹਾਡੇ ਬੱਚੇ/ਤੁਹਾਡੀ ਬੱਚੀ ਦੁਆਰਾ ਕਹਿਆਂ ਗਈਆਂ ਗੱਲਾਂ ਕਿਸੇ ਨੂੰ ਦੱਸਣੀਆਂ ਪੈਣ।

ਸਲਾਹਕਾਰ ਲਈ ਬਾਲ ਦੁਰਾਚਾਰ, ਜਾਂ ਦੁਰਾਚਾਰ ਦੇ ਖਤਰੇ ਦੀ ਸੂਚਨਾ ਅਧਿਕਾਰੀ-ਵਰਗ ਨੂੰ ਦੇਣੀ ਚਾਹੀਦੀ ਹੈ।

## ਮੈਂ ਸਪੋਟਿੰਗ ਚਿਲਡਰਨ ਆਫਟਰ ਸੇਪਰੇਸ਼ਨ ਪ੍ਰੋਗ੍ਰਾਮ ਨਾਲ ਕਿਵੇਂ ਸੰਪਰਕ ਕਰਾਂ?

ਤੁਸੀਂ **ਸੋਮਵਾਰ ਤੋਂ ਸ਼ੁਕਰਵਾਰ ਸਵੇਰੇ 8 ਵਜੇ ਤੋਂ ਲੈ ਕੇ ਰਾਤੀ 8 ਵਜੇ ਤਕ ਅਤੇ ਸ਼ਨੀਵਾਰ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮੀ 4 ਵਜੇ ਤਕ** (ਰਾਸ਼ਟਰੀ ਸਰਕਾਰੀ ਛੁੱਟੀ ਵਾਲੇ ਦਿਨਾਂ ਤੋਂ ਇਲਾਵਾ) ਫੈਮਿਲੀ ਰਿਲੇਸ਼ਨਸ਼ਿਪ ਐਡਵਾਈਸ ਲਾਈਨ ਨੂੰ **1800 050 321** ਤੇ ਫੋਨ ਕਰ ਸਕਦੇ/ਸਕਦੀ ਹੋ। ਉਹ ਸਭ ਤੋਂ ਨਜ਼ਦੀਕੀ ਪ੍ਰੋਗ੍ਰਾਮ ਦਾ ਪਤਾ ਲਗਾਉਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ ਤਾਂਜੋ ਤੁਹਾਡੇ ਬੱਚੇ/ਤੁਹਾਡੀ ਬੱਚੀ ਦੀ ਮਦਦ ਕੀਤੀ ਜਾ ਸਕੇ। ਜੇਕਰ ਤੁਹਾਡੇ ਕੋਲ ਕੋਈ ਸਪੋਟਿੰਗ ਚਿਲਡਰਨ ਆਫਟਰ ਸੇਪਰੇਸ਼ਨ ਪ੍ਰੋਗ੍ਰਾਮ ਨਹੀਂ ਹੈ, ਤਾਂ ਐਡਵਾਈਸ ਲਾਈਨ ਤੁਹਾਨੂੰ ਇਹ ਦੱਸ ਸਕਦੀ ਹੈ ਕਿ ਹੋਰ ਕਿਹੜੀਆਂ ਸਹਾਇਕ ਸੇਵਾਵਾਂ ਹਨ ਜਿਹੜੀਆਂ ਸ਼ਾਇਦ ਤੁਹਾਡੇ ਨਜ਼ਦੀਕ ਮੌਜੂਦ ਹੋ ਸਕਦੀਆਂ ਹਨ।

ਤੁਸੀਂ ਦੂਜਿਆਂ ਫੈਮਿਲੀ ਰਿਲੇਸ਼ਨਸ਼ਿਪ ਸੇਵਾਵਾਂ ਦਾ ਪਤਾ ਲਗਾਉਣ ਲਈ ਫੈਮਿਲੀ ਰਿਲੇਸ਼ਨਸ਼ਿਪਸ ਦੀ ਵੈੱਬ-ਸਾਈਟ www.familyrelationships.gov.au ਆਨਲਾਈਨ ਵੀ ਵੇਖ ਸਕਦੇ/ਸਕਦੀ ਹੋ। ਵੈੱਬ-ਸਾਈਟ 'ਤੇ ਪਰਿਵਾਰਾਂ ਅਤੇ ਦੂਜੇ ਮਾਮਲਿਆਂ ਬਾਰੇ ਬਹੁਤੇਰੀ ਸਹਾਇਕ ਜਾਣਕਾਰੀ ਉਪਲਬਧ ਹੈ।